[Extract from the Punjab Govt. Gaz., dated the 6th January, 2012]

ਪੰਜਾਬ ਸਰਕਾਰ

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

(ਮਕਾਨ ਉਸਾਰੀ-2 ਸ਼ਾਖਾ)

ਨੋਟੀਫਿਕੇਸ਼ਨ

ਮਿਤੀ 22 ਨਵੰਬਰ, 2011

ਨੰ: 15/47/2010-5 ਐਚ.ਜੀ.2/3069.—ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ, (ਪੁੱਡਾ), ਐਸ.ਏ.ਐਸ. ਨਗਰ ਦਾ ਗਠਨ ਹੋਣ ਕਾਰਨ ਡਾਇਰੈਕਟਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ, ਪੰਜਾਬ ਦਾ ਬਹੁੱਤ ਸਾਰਾ ਅਮਲਾ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਵਿੱਚ ਖਪਤ ਹੋ ਗਿਆ ਹੈ ਅਤੇ ਬਾਕੀ ਬਚੇ ਅਮਲੇ ਵਿੱਚੋਂ ਬਹੁੱਤੇ ਅਧਿਕਾਰੀ/ਕਰਮਚਾਰੀ ਰਿਟਾਇਰ ਹੋ ਗਏ ਹਨ ਜਾਂ ਹੋ ਰਹੇ ਹਨ। ਇਸ ਕਰਕੇ ਇੰਜੀਨੀਅਰਿੰਗ ਵਿੰਗ ਦੇ ਸੇਵਾ ਨਿਯਮ ਨਾ ਬਨਾਉਣ ਦਾ ਫੈਸਲਾ ਲੈਂਦੇ ਹੋਏ ਪੰਜਾਬ ਲੋਕ ਨਿਰਮਾਣ ਵਿਭਾਗ (ਭ ਅਤੇ ਮ ਸ਼ਾਖਾ) ਦੇ ਟੈਕਨੀਕਲ ਵਿੰਗ ਦੇ ਸੇਵਾ ਨਿਯਮ ਅਡਾਪਟ ਕਰਨ ਸਬੰਧੀ ਮਸਲਾ ਮੰਤਰੀ ਪ੍ਰੀਸ਼ਦ ਦੀ ਮਿਤੀ 19 ਜੁਲਾਈ, 2011 ਨੂੰ ਹੋਈ ਮੀਟਿੰਗ ਵਿੱਚ ਵਿਚਾਰਿਆ ਗਿਆ ਤੇ ਪੰਜਾਬ ਲੋਕ ਨਿਰਮਾਣ ਵਿਭਾਗ (ਭ ਅਤੇ ਮ ਸ਼ਾਖਾ) ਦੇ ਟੈਕਨੀਕਲ ਵਿੰਗ ਦੇ ਸੇਵਾ ਨਿਯਮ ਅਡਾਪਟ ਕਰਨ ਸਬੰਧੀ ਫੈਸਲਾ ਲਿਆ ਗਿਆ।

2. ਉਪਰੋਕਤ ਦੇ ਸਨਮੁੱਖ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਡਾਇਰੈਕਟਰ, ਮਕਾਨ ਉਸਾਰੀ ਤੇ ਸਹਿਰੀ ਵਿਕਾਸ, ਪੰਜਾਬ ਵਿਖੇ ਇੰਜੀਨੀਅਰਿੰਗ ਕਾਡਰ ਦੀਆਂ ਖਾਲੀ ਅਸਾਮੀਆਂ ਪਦ-ਉਨਤੀ ਰਾਹੀਂ ਭਰਨ ਲਈ ਪੰਜਾਬ ਲੋਕ ਨਿਰਮਾਣ ਵਿਭਾਗ (ਭ ਅਤੇ ਮ ਸ਼ਾਖਾ) ਦੇ ਇੰਜੀਨੀਅਰਿੰਗ ਵਿੰਗ ਦੇ "ਦਾ ਪੰਜਾਬ ਸਰਵਿਸ ਆਫ ਇੰਜੀਨੀਅਰਜ਼, ਡਿਪਾਰਟਮੈਂਟ ਆਫ ਪਬਲਿਕ ਵਰਕਸ (ਬੀ. ਐਂਡ ਆਰ. ਬਰਾਂਚ) ਗਰੁੱਪ 'ਏ' ਸਰਵਿਸ਼ ਰੂਲਜ਼, 2005" ਨੂੰ ਅਡਾਪਟ ਕਰਨ ਸਬੰਧੀ ਪ੍ਰਵਾਨਗੀ ਦਿੰਦੇ ਹਨ।

ਚੰਡੀਗੜ੍ਹ :
ਮਿਤੀ 14 ਨਵੰਬਰ, 2011.

ਐਸ.ਕੇ. ਸੰਧੂ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ।

*984 CS(P)—Govt. Press, U.T., Chd.*